## ਵਾਕ

ਵਿਆਕਰਨ ਦੀ ਸਭ ਤੋਂ ਵੱਡੀ ਇਕਾਈ ਨੂੰ 'ਵਾਕ' ਕਿਹਾ ਜਾਂਦਾ ਹੈ। ਵਾਕ ਅਜਿਹੀ ਵਿਆਕਰਨਕ ਇਕਾਈ ਹੈ, ਜਿਹੜੀ ਕਿਸੇ ਹੋਰ ਇਕਾਈ ਦੇ ਅਧੀਨ ਨਹੀਂ ਹੁੰਦੀ, ਬਲਕਿ ਬਾਕੀ ਇਕਾਈਆਂ (ਉਪਵਾਕ, ਵਾਕੰਸ਼, ਸ਼ਬਦ ਤੇ ਭਾਵੰਸ਼) ਇਸਦੇ ਅਧੀਨ ਹੁੰਦੀਆਂ ਹਨ। ਕਿਹਾ ਜਾ ਸਕਦਾ ਹੈ ਕਿ ਜਿਹੜੀ ਵਿਆਕਰਨਕ ਇਕਾਈ ਕਿਸੇ ਹੋਰ ਵਿਆਕਰਨਕ ਇਕਾਈ ਦਾ ਹਿੱਸਾ ਨਾ ਹੋਵੇ, ਉਹ 'ਵਾਕ' ਹੈ।

### ਵਾਕ ਵਰਗੀਕਰਨ

ਵਾਕ ਵਰਗੀਕਰਨ ਨੂੰ ਸਮਝਣ ਤੋਂ ਪਹਿਲਾਂ ਵਾਕ ਦੇ ਤਿੰਨ ਅਹਿਮ ਤੱਤਾਂ ਬਾਰੇ ਜਾਣਨਾ ਬੇਹੱਦ ਜ਼ਰੂਰੀ ਹੈ:

**ਕਰਤਾ** : ਵਾਕ ਵਿਚ ਕਾਰਜ ਕਰਨ ਵਾਲੇ ਨੂੰ 'ਕਰਤਾ' ਕਿਹਾ ਜਾਂਦਾ ਹੈ।

**ਕਰਮ** : ਵਾਕ ਵਿਚ ਕਿਰਿਆ ਜਿਸ ਉੱਤੇ ਵਾਪਰਦੀ ਹੈ, ਉਸ ਨੂੰ 'ਕਰਮ' ਕਿਹਾ ਜਾਂਦਾ ਹੈ।

**ਕਿਰਿਆ** : ਵਾਕ ਵਿਚ ਜੋ ਸ਼ਬਦ ਕਾਰਜ ਦੇ ਹੋਣ ਜਾਂ ਵਾਪਰਨ ਦੀ ਸੂਚਨਾ ਦਿੰਦਾ ਹੈ, ਉਸ ਨੂੰ 'ਕਿਰਿਆ' ਕਹਿੰਦੇ ਹਨ।

ਨਿਮਨਲਿਖਤ ਵਾਕਾਂ ਵਿਚ ਉਪਰੋਕਤ ਤਿੰਨੇ ਵਾਕ-ਤੱਤ ਕਿਰਿਆਸ਼ੀਲ ਵੇਖੇ ਜਾ ਸਕਦੇ ਹਨ:

– ਅਧਿਆਪਕ ਨੇ ਪੁਸਤਕਾਂ ਵੰਡੀਆਂ।
  ਕਰਤਾ ਕਰਮ ਕਿਰਿਆ

– ਵਿਦਿਆਰਥੀ ਹਾਕੀ ਖੇਡਿਆ।
  ਕਰਤਾ ਕਰਮ ਕਿਰਿਆ

– ਬੱਚਾ ਸੇਬ ਖਾਵੇਗਾ।
  ਕਰਤਾ ਕਰਮ ਕਿਰਿਆ

ਉਪਰੋਕਤ ਵਾਕਾਂ ਦੇ ਲਕੀਰੇ ਹਿੱਸੇ ਕ੍ਰਮਵਾਰ ਕਰਤਾ, ਕਰਮ ਅਤੇ ਕਿਰਿਆ ਤੱਤ ਦੀ ਪੇਸ਼ਕਾਰੀ ਕਰਦੇ ਹਨ।

ਵਾਕਾਂ ਦੇ ਵਰਗੀਕਰਨ ਦੇ ਦੋ ਆਧਾਰ ਹਨ—ਰੂਪ/ਬਣਤਰ ਜਾਂ ਸੰਰਚਨਾ ਦੇ ਆਧਾਰ ਉੱਤੇ ਅਤੇ ਕਾਰਜ ਦੇ ਆਧਾਰ ਉੱਤੇ।

**(ੳ) ਰੂਪ ਦੇ ਆਧਾਰ ਉੱਤੇ** : ਵਾਕਾਂ ਦੀ ਬਣਤਰ, ਸੰਰਚਨਾ ਜਾਂ ਰੂਪ ਦੇ ਆਧਾਰ ਉੱਤੇ ਵਾਕ ਦੋ ਪ੍ਰਕਾਰ ਦੇ ਹੁੰਦੇ ਹਨ—ਕਿਰਿਆ ਰਹਿਤ ਅਤੇ ਕਿਰਿਆ ਸਹਿਤ।

• **ਕਿਰਿਆ ਰਹਿਤ ਵਾਕ** : ਜਿਹਨਾਂ ਵਾਕਾਂ ਦੀ ਬਣਤਰ ਵਿਚ ਕਿਰਿਆ ਜਾਂ ਕਿਰਿਆ ਤੱਤ ਮੌਜੂਦ ਨਹੀਂ ਹੁੰਦਾ, ਉਹ 'ਕਿਰਿਆ ਰਹਿਤ ਵਾਕ' ਹੁੰਦੇ ਹਨ। ਕਿਰਿਆ

ਰਹਿਤ ਵਾਕਾਂ ਨੂੰ 'ਅਪੂਰਨ ਵਾਕ' ਵੀ ਕਿਹਾ ਜਾਂਦਾ ਹੈ। ਇਹ ਵਾਕ ਵਿਆਕਰਨਕ ਨਿਯਮਾਂ ਦੀ ਪੱਧਰ ਉੱਤੇ ਤਾਂ ਪੂਰਨ ਨਹੀਂ ਹੁੰਦੇ, ਪਰੰਤੂ ਅਰਥ ਅਤੇ ਕਾਰਜ ਦੀ ਪੱਧਰ ਉੱਤੇ ਵਾਕ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਇਹ ਦੋ ਪ੍ਰਕਾਰ ਦੇ ਹੁੰਦੇ ਹਨ—ਰੈਡੀਮੇਡ ਵਾਕ ਅਤੇ ਸੰਦਰਭਗਤ ਵਾਕ।

**ਰੈਡੀਮੇਡ ਵਾਕ :** ਰੈਡੀਮੇਡ ਵਾਕ 'ਬਣੇ-ਬਣਾਏ ਉਚਾਰ' ਹੁੰਦੇ ਹਨ। ਜਿਵੇਂ : ਨਮਸਤੇ, ਆਦਾਬ, ਸਤਿ ਸ੍ਰੀ ਅਕਾਲ, ਸਵਾਗਤ, ਮੁਬਾਰਕਾਂ, ਸ਼ੁਕਰੀਆ ਆਦਿ।

**ਸੰਦਰਭਗਤ ਵਾਕ :** ਉਹ ਵਾਕ ਜਿਹਨਾਂ ਦੀ ਵਿਸ਼ੇਸ਼ ਸੰਦਰਭ ਵਿਚ ਹੀ ਸਾਰਥਕਤਾ ਹੁੰਦੀ ਹੈ, ਉਹਨਾਂ ਵਾਕਾਂ ਨੂੰ 'ਸੰਦਰਭਗਤ ਵਾਕ' ਕਹਿੰਦੇ ਹਨ। ਜਿਵੇਂ :

— ਪ੍ਰਸ਼ਨ : ਕੱਲ੍ਹ ਤੂੰ ਕਾਲਜ ਵਿਚ ਹਾਜ਼ਰ ਸੀ।
  ਉੱਤਰ : <u>ਨਹੀਂ</u>।

— ਪ੍ਰਸ਼ਨ : ਕੀ ਤੂੰ ਮੇਰੇ ਨਾਲ ਚੱਲੇਂਗਾ ?
  ਉੱਤਰ : <u>ਹਾਂ, ਜ਼ਰੂਰ</u>।

ਉਪਰੋਕਤ ਪ੍ਰਸ਼ਨਾਂ ਦੇ ਜਵਾਬ ਵਿਚ ਜੋ ਉੱਤਰ ਮਿਲੇ ਹਨ, ਉਸ ਦੀ ਇਕ ਖ਼ਾਸ ਸੰਦਰਭ ਵਿਚ ਆਪਣੀ ਮਹੱਤਤਾ ਜਾਂ ਸਾਰਥਕਤਾ ਹੈ। ਇਸ ਲਈ ਇਹ ਲਕੀਰੇ ਹਿੱਸੇ ਹੀ 'ਸੰਦਰਭਗਤ ਵਾਕ' ਹਨ।

• **ਕਿਰਿਆ ਸਹਿਤ ਵਾਕ :** ਜਿਹਨਾਂ ਵਾਕਾਂ ਦੀ ਬਣਤਰ ਵਿਚ ਕਿਰਿਆ ਜਾਂ ਕਿਰਿਆ ਤੱਤ ਸ਼ਾਮਿਲ ਹੁੰਦਾ ਹੈ, ਉਹ 'ਕਿਰਿਆ ਸਹਿਤ ਵਾਕ' ਹੁੰਦੇ ਹਨ। ਇਹਨਾਂ ਵਾਕਾਂ ਨੂੰ 'ਪੂਰਨ ਵਾਕ' ਵੀ ਕਿਹਾ ਜਾਂਦਾ ਹੈ। ਇਹ ਵਾਕ ਵਿਆਕਰਨਕ ਨਿਯਮਾਂ ਦੀ ਪੱਧਰ ਉੱਤੇ ਪੂਰਨ ਹੁੰਦੇ ਹਨ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ—ਸਾਧਾਰਨ ਵਾਕ, ਸੰਯੁਕਤ ਵਾਕ ਅਤੇ ਮਿਸ਼ਰਤ ਵਾਕ।

**ਸਾਧਾਰਨ ਵਾਕ :** ਜਿਸ ਵਾਕ ਦੀ ਬਣਤਰ ਵਿਚ ਇਕ ਹੀ ਕਰਤਾ ਤੱਤ ਅਤੇ ਇਕ ਹੀ ਕਿਰਿਆ ਤੱਤ ਸ਼ਾਮਿਲ ਹੁੰਦਾ ਹੈ, ਉਸ ਨੂੰ 'ਸਾਧਾਰਨ ਵਾਕ' ਕਿਹਾ ਜਾਂਦਾ ਹੈ। ਸਾਧਾਰਨ ਵਾਕ ਵਿਚ ਕਰਮ ਤੱਤ ਮੌਜੂਦ ਹੋ ਵੀ ਸਕਦਾ ਅਤੇ ਨਹੀਂ ਵੀ। ਜਿਵੇਂ :

— <u>ਉਹ</u> <u>ਗਿਆ</u>।
  ਕਰਤਾ ਕਿਰਿਆ

— <u>ਰਮੇਸ਼ ਨੇ</u> <u>ਅੰਗੂਰ</u> <u>ਖ਼ਰੀਦੇ</u>।
  ਕਰਤਾ ਕਰਮ ਕਿਰਿਆ

— <u>ਅਸੀਂ</u> <u>ਬਾਜ਼ਾਰ</u> <u>ਜਾਵਾਂਗੇ</u>।
  ਕਰਤਾ ਕਰਮ ਕਿਰਿਆ

**ਸੰਯੁਕਤ ਵਾਕ :** ਜਿਹਨਾਂ ਵਾਕਾਂ ਦੀ ਬਣਤਰ ਵਿਚ ਦੋ ਜਾਂ ਦੋ ਤੋਂ ਵਧੇਰੇ ਸੁਤੰਤਰ ਉਪਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ 'ਸੰਯੁਕਤ ਵਾਕ' ਹੁੰਦੇ ਹਨ। ਸੰਯੁਕਤ ਵਾਕਾਂ ਵਿਚ ਸ਼ਾਮਿਲ ਸੁਤੰਤਰ ਉਪਵਾਕਾਂ ਨੂੰ ਜੋੜਨ ਦਾ ਕਾਰਜ 'ਸੁਤੰਤਰ

ਯੋਜਕਾਂ' ਦੁਆਰਾ ਨਿਭਾਇਆ ਜਾਂਦਾ ਹੈ। /ਤੇ/ਅਤੇ/ਪਰ/ਪਰੰਤੂ/ਜਾਂ/ਫੇਰ/ਸਗੋਂ/ ਭਾਵੇਂ/ਆਦਿ ਸੁਤੰਤਰ ਯੋਜਕ ਹਨ। ਜਿਵੇਂ :

— ਕੀਰਤ ਨੱਚ ਰਹੀ ਹੈ ਤੇ ਸੀਰਤ ਪੜ੍ਹ ਰਹੀ ਹੈ।
ਸੁਤੰਤਰ ਉਪਵਾਕ ਸੁਤੰਤਰ ਯੋਜਕ ਸੁਤੰਤਰ ਉਪਵਾਕ

— ਮੈਂ ਜ਼ਰੂਰ ਤੇਰੇ ਨਾਲ ਚੱਲਦਾ ਪਰ ਮੈਨੂੰ ਜ਼ਰੂਰੀ ਕੰਮ ਪੈ ਗਿਆ।
ਸੁਤੰਤਰ ਉਪਵਾਕ ਸੁਤੰਤਰ ਯੋਜਕ ਸੁਤੰਤਰ ਉਪਵਾਕ

— ਇਹ ਸਮਾਂ ਉਦਾਸ ਹੋਣ ਦਾ ਨਹੀਂ ਸਗੋਂ ਖ਼ੁਸ਼ ਹੋਣ ਦਾ ਹੈ,
ਸੁਤੰਤਰ ਉਪਵਾਕ ਸੁਤੰਤਰ ਯੋਜਕ ਸੁਤੰਤਰ ਉਪਵਾਕ
ਸੋ ਸਾਰੇ ਆਉ ਤੇ ਖ਼ੁਸ਼ੀ ਮਨਾਈਏ।
ਸੁਤੰਤਰ ਯੋਜਕ ਸੁਤੰਤਰ ਉਪਵਾਕ ਸੁਤੰਤਰ ਯੋਜਕ ਸੁਤੰਤਰ ਉਪਵਾਕ

**ਮਿਸ਼ਰਤ ਵਾਕ :** ਜਿਹਨਾਂ ਵਾਕਾਂ ਦੀ ਬਣਤਰ ਵਿਚ ਸੁਤੰਤਰ ਉਪਵਾਕਾਂ ਦੇ ਨਾਲ-ਨਾਲ 'ਅਧੀਨ ਉਪਵਾਕ ਜਾਂ ਉਪਵਾਕਾਂ' ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਮਿਸ਼ਰਤ ਵਾਕ ਹੁੰਦੇ ਹਨ। ਅਧੀਨ ਉਪਵਾਕਾਂ ਨੂੰ ਸੰਯੁਕਤ ਉਪਵਾਕਾਂ ਨਾਲ ਜੋੜਨ ਦਾ ਕਾਰਜ 'ਅਧੀਨ ਯੋਜਕ' ਨਿਭਾਉਂਦੇ ਹਨ। /ਜਿਸ/ਜਿਹੜੇ/ਜਦੋਂ/ਇਸ ਲਈ/ ਕਿਉਂਕਿ/ਜਿਵੇਂ/ ਆਦਿ ਅਧੀਨ ਯੋਜਕ ਹਨ। ਜਿਵੇਂ :

— ਮਾਸਟਰ ਲਿਖਾ ਰਿਹਾ ਹੈ ਇਸ ਲਈ ਜਮਾਤ ਵਿਚ ਸ਼ੋਰ ਨਹੀਂ।
ਸੁਤੰਤਰ ਉਪਵਾਕ ਅਧੀਨ ਯੋਜਕ ਅਧੀਨ ਉਪਵਾਕ

— ਰਾਤੀਂ ਘਰ ਭੋਜਨ ਨਹੀਂ ਬਣਿਆ ਕਿਉਂਕਿ
ਸੁਤੰਤਰ ਉਪਵਾਕ ਅਧੀਨ ਯੋਜਕ
ਅਸੀਂ ਹੋਟਲ ਤੋਂ ਰਾਤੀਂ ਰੋਟੀ ਖਾਧੀ ਜੋ ਬੇਹੱਦ ਸਵਾਦ ਸੀ।
ਅਧੀਨ ਉਪਵਾਕ ਅਧੀਨ ਯੋਜਕ ਅਧੀਨ ਉਪਵਾਕ

— ਜੇ ਤੂੰ ਪੜ੍ਹੇਂਗਾ ਤਾਂ
ਅਧੀਨ ਯੋਜਕ ਅਧੀਨ ਉਪਵਾਕ ਸੁੰਤਤਰ ਯੋਜਕ
ਚੰਗੀ ਨੌਕਰੀ ਜ਼ਰੂਰ ਪ੍ਰਾਪਤ ਕਰੇਂਗਾ।
ਸੁਤੰਤਰ ਉਪਵਾਕ

**(ਅ) ਕਾਰਜ ਦੇ ਆਧਾਰ ਉੱਤੇ :** ਕਾਰਜ ਦੇ ਆਧਾਰ ਉੱਤੇ ਵਾਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ—ਬਿਆਨੀਆ ਵਾਕ, ਆਗਿਆਵਾਚੀ ਵਾਕ ਅਤੇ ਪ੍ਰਸ਼ਨਵਾਚੀ ਵਾਕ।

**ਬਿਆਨੀਆ ਵਾਕ :** ਜਿਹਨਾਂ ਵਾਕਾਂ ਵਿਚ ਹਾਂ ਪੱਖੀ/ਨਾਂਹ ਪੱਖੀ ਸੂਚਨਾ, ਕਿਸੇ ਘਟਨਾ ਦਾ ਬਿਆਨ ਜਾਂ ਜਾਣਕਾਰੀ ਮਿਲਦੀ ਹੈ, ਉਹ 'ਬਿਆਨੀਆ ਵਾਕ' ਹੁੰਦੇ ਹਨ। ਬਿਆਨੀਆ ਵਾਕ ਕਿਸੇ ਤੱਥ ਜਾਂ ਸੱਚਾਈ ਨੂੰ ਬਿਆਨ ਕਰਦੇ ਹਨ। ਜਿਵੇਂ :

— ਨਸ਼ਾ ਸਮਾਜ ਲਈ ਲਾਹਨਤ ਹੈ।
— ਪ੍ਰਿੰਸੀਪਲ ਸਾਹਿਬ ਦਫ਼ਤਰ ਵਿਚ ਮੌਜੂਦ ਹਨ।
— ਮੈਂ ਇਹ ਚੋਰੀ ਨਹੀਂ ਕੀਤੀ।

**ਆਗਿਆਵਾਚੀ ਵਾਕ :** ਜਿਹਨਾਂ ਵਾਕਾਂ ਵਿਚ ਬੇਨਤੀ ਕਰਨ, ਹੁਕਮ ਦੇਣ ਜਾਂ ਆਗਿਆ ਲੈਣ ਦੀ ਜਾਣਕਾਰੀ ਮਿਲਦੀ ਹੈ, ਉਹ 'ਆਗਿਆਵਾਚੀ ਵਾਕ' ਹੁੰਦੇ ਹਨ। ਜਿਵੇਂ :

— ਕਿਰਪਾ ਕਰਕੇ ਹੌਲੀ ਚੱਲੋ। (ਬੇਨਤੀ)
— ਪਾਣੀ ਦਾ ਗਿਲਾਸ ਲਿਆਉ। (ਹੁਕਮ)
— ਮੈਂ ਘਰ ਜਾ ਸਕਦਾ ਹਾਂ। (ਆਗਿਆ)

**ਪ੍ਰਸ਼ਨਵਾਚੀ ਵਾਕ :** ਜਿਹਨਾਂ ਵਾਕਾਂ ਵਿਚ ਵਕਤਾ ਵੱਲੋਂ ਸਰੋਤਾ ਨੂੰ ਕੋਈ ਪ੍ਰਸ਼ਨ ਪੁੱਛਿਆ ਜਾਵੇ ਜਾਂ ਕੋਈ ਜਾਣਕਾਰੀ ਪ੍ਰਾਪਤ ਕੀਤੀ ਜਾਵੇ, ਉਹ 'ਪ੍ਰਸ਼ਨਵਾਚੀ ਵਾਕ' ਹੁੰਦੇ ਹਨ। ਪ੍ਰਸ਼ਨਵਾਚੀ ਵਾਕਾਂ ਵਿਚ ਪ੍ਰਸ਼ਨਵਾਚੀ ਸ਼ਬਦਾਂ (ਕੀ, ਕਿਉਂ, ਕਦੋਂ, ਕਿਵੇਂ ਕਿਸ ਆਦਿ), ਪ੍ਰਸ਼ਨਵਾਚੀ ਚਿੰਨ੍ਹ (?) ਜਾਂ ਪ੍ਰਸ਼ਨਿਕ ਲਹਿਜ਼ੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ :

— ਕੀ ਮੈਂ ਅੰਦਰ ਆ ਸਕਦਾ ਹਾਂ। (ਪ੍ਰਸ਼ਨਿਕ ਸ਼ਬਦ)
— ਮੈਂ ਆਵਾਂ ? (ਪ੍ਰਸ਼ਨਿਕ ਚਿੰਨ੍ਹ)
— ਮੈਂ ਚਲਾ ਜਾਵਾਂ। (ਪ੍ਰਸ਼ਨਿਕ ਲਹਿਜ਼ਾ)

ਉਪਰੋਕਤ ਸਮੁੱਚੇ ਵਾਕ ਵੇਰਵੇ ਨੂੰ ਨਿਮਨ ਆਰੇਖ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ :

